# ਜਦੋਂ ਤੁਹਾਨੂੰ ਆਪਣੇ ਅਸਾਇਲਮ ਦਾਅਵੇ ਦਾ ਸਕਾਰਾਤਮਕ ਫ਼ੈਸਲਾ ਪ੍ਰਾਪਤ ਹੁੰਦਾ ਹੈ

ਅਸੀਂ ਜਾਣਦੇ ਹਾਂ ਕਿ ਤੁਹਾਡੇ ਅਸਾਇਲਮ (ਦੇਖਭਾਲ ਸੁਵਿਧਾ) ਦਾਅਵੇ ਦਾ ਸਕਾਰਾਤਮਕ ਫ਼ੈਸਲਾ ਆਉਣ ਤੋਂ ਬਾਅਦ ਤੁਹਾਡੇ ਕੋਲ ਵਿਚਾਰ ਕਰਨ ਲਈ ਬਹੁਤ ਸਾਰੀਆਂ ਚੀਜ਼ਾਂ ਹੋਣਗੀਆਂ। ਇਨ੍ਹਾਂ ਵਿੱਚ ਪੜ੍ਹਾਈ, ਕੰਮਕਾਜ ਜਾਂ ਆਪਣੇ ਅਜ਼ੀਜ਼ਾਂ ਨੂੰ ਮਿਲਣ ਲਈ ਯਾਤਰਾ ਕਰਨ ਦੀਆਂ ਤੁਹਾਡੀਆਂ ਯੋਜਨਾਵਾਂ ਸ਼ਾਮਲ ਹੋ ਸਕਦੀਆਂ ਹਨ।
**ਆਪਣਾ ਫ਼ੈਸਲਾ ਪ੍ਰਾਪਤ ਹੋਣ ਤੋਂ ਬਾਅਦ, ਤੁਹਾਡੇ ਅਸਾਇਲਮ ਸਮਰਥਨ ਦੇ ਸਮਾਪਤ ਹੋਣ ਤੋਂ ਪਹਿਲਾਂ ਤੁਹਾਡੇ ਕੋਲ ਬਹੁਤ ਥੋੜ੍ਹਾ ਸਮਾਂ ਹੁੰਦਾ ਹੈ, ਇਸ ਕਰਕੇ ਸਭ ਤੋਂ ਪਹਿਲਾਂ ਇਨ੍ਹਾਂ ਤਿੰਨ ਚੀਜ਼ਾਂ ਉੱਤੇ ਗੌਰ ਕਰਨੀ ਜ਼ਰੂਰੀ ਹੈ।**

## 1. ਸਥਿਤੀ ਅਤੇ ਪਛਾਣ ਦਾ ਸਬੂਤ - ਤੁਹਾਡਾ ਈ-ਵੀਜ਼ਾ

- ਇੰਗਲੈਂਡ (UK) ਡਿਜੀਟਲ ਇਮੀਗ੍ਰੇਸ਼ਨ ਸਿਸਟਮ ਵੱਲ ਵਧ ਰਿਹਾ ਹੈ। 31 ਅਕਤੂਬਰ, 2024 ਤੋਂ ਹੋਮ ਆਫ਼ਿਸ ਨੇ ਬਾਇਓਮੈਟ੍ਰਿਕ ਰੈਜ਼ੀਡੈਂਸ ਪਰਮਿਟ (BRP) ਦੀ ਜਗ੍ਹਾ **ਈ-ਵੀਜ਼ਾ (eVisa)** ਜਾਰੀ ਕਰਨਾ ਸ਼ੁਰੂ ਕਰ ਦਿੱਤਾ ਹੈ।
- ਤੁਹਾਡਾ ਈ-ਵੀਜ਼ਾ ਬਹੁਤ ਹੀ ਜ਼ਰੂਰੀ ਹੈ। ਕੋਈ ਨੌਕਰੀ ਜਾਂ ਲਾਭਾਂ ਦਾ ਦਾਅਵਾ ਕਰਨ ਲਈ, ਅਤੇ ਰਹਿਣ ਵਾਸਤੇ ਘਰ ਕਿਰਾਏ 'ਤੇ ਲੈਣ ਲਈ ਤੁਹਾਨੂੰ ਇਸ ਦੀ ਲੋੜ ਪਏਗੀ।
- ਸਕਾਰਾਤਮਕ ਫ਼ੈਸਲਾ ਲਏ ਜਾਣ ਤੋਂ ਬਾਅਦ 14 ਦਿਨ ਦੇ ਅੰਦਰ ਹੋਮ ਆਫ਼ਿਸ ਤੁਹਾਡਾ UK ਵੀਜ਼ਾ ਅਤੇ ਇਮੀਗ੍ਰੇਸ਼ਨ (UKVI) ਅਕਾਊਂਟ ਅਤੇ ਤੁਹਾਡਾ ਈ-ਵੀਜ਼ਾ ਬਣਾਏਗਾ। ਉਹ ਤੁਹਾਨੂੰ ਤੁਹਾਡੇ ਅਕਾਊਂਟ ਅਤੇ ਈ-ਵੀਜ਼ਾ ਤੱਕ ਪਹੁੰਚ ਕਰਨ ਲਈ ਲੌਗਇਨ ਜਾਣਕਾਰੀ ਭੇਜਣਗੇ।
- ਜੇਕਰ ਤੁਹਾਨੂੰ ਆਪਣੇ UKVI ਅਕਾਊਂਟ ਵੇਰਵੇ **ਨਹੀਂ** ਮਿਲਦੇ ਹਨ, ਜਾਂ ਜੇਕਰ ਤੁਹਾਨੂੰ ਆਪਣੇ ਈ-ਵੀਜ਼ਾ ਤੱਕ ਪਹੁੰਚ ਕਰਨ ਲਈ ਮਦਦ ਦੀ ਲੋੜ ਹੈ, ਤਾਂ ਕਿਰਪਾ ਕਰਕੇ UKVI ਸਮਾਧਾਨ ਕੇਂਦਰ ਨਾਲ ਉਨ੍ਹਾਂ ਦੀ ਆਨਲਾਈਨ ਵੈੱਬਚੈਟ (www.gov.uk/evisa 'ਤੇ ਜਾਓ ਅਤੇ "ਕੀ ਤੁਹਾਨੂੰ ਮਦਦ ਚਾਹੀਦੀ ਹੈ" 'ਤੇ ਕਲਿੱਕ ਕਰੋ) ਦੀ ਵਰਤੋਂ ਕਰਕੇ ਸੰਪਰਕ ਕਰੋ, ਜਾਂ 07483 170100 ਨੰਬਰ 'ਤੇ ਜਾਂ evisa@migranthelpuk.org'ਤੇ ਮਾਈਗ੍ਰੇਸ਼ਨ ਮਦਦ ਟੀਮ ਨਾਲ ਸੰਪਰਕ ਕਰੋ।
- ਜੇਕਰ ਤੁਹਾਡੇ ਈ-ਵੀਜ਼ੇ ਵਿੱਚ ਕੋਈ ਵੀ ਤਰੁੱਟੀਆਂ ਹਨ, ਤਾਂ ਕਿਰਪਾ ਕਰਕੇ www.gov.uk/report-error-evisa'ਤੇ UKVI ਨਾਲ ਸੰਪਰਕ ਕਰੋ।

## 2. ਤੁਹਾਡਾ ਪੈਸਾ

- ਇੱਕ ਵਾਰ ਤੁਹਾਡਾ ਸਕਾਰਾਤਮਕ ਫ਼ੈਸਲਾ ਆਉਣ ਤੋਂ ਬਾਅਦ, ਤੁਹਾਨੂੰ ਕੰਮ ਕਰਨ ਅਤੇ ਪੈਸਾ ਕਮਾਉਣ ਦੀ ਇਜਾਜ਼ਤ ਮਿਲ ਜਾਂਦੀ ਹੈ।
- ਜੇਕਰ ਤੁਸੀਂ ਕੰਮ ਨਹੀਂ ਕਰ ਸਕਦੇ ਜਾਂ ਛੇਤੀ ਕੋਈ ਨੌਕਰੀ ਨਹੀਂ ਮਿਲਦੀ, ਤਾਂ ਤੁਹਾਨੂੰ ਵੈੱਲਫੇਅਰ ਲਾਭਾਂ (ਆਮ ਤੌਰ 'ਤੇ ਯੂਨੀਵਰਸਲ ਕ੍ਰੈਡਿਟ) ਲਈ ਅਪਲਾਈ ਕਰਨਾ ਚਾਹੀਦਾ ਹੈ। ਤੁਸੀਂ ਆਨਲਾਈਨ ਜਾਂ ਆਪਣੇ ਸਥਾਨਕ ਜੌਬ ਸੈਂਟਰ ਪਲੱਸ ਵਿੱਚ ਖੁਦ ਜਾ ਕੇ ਅਪਲਾਈ ਕਰ ਸਕਦੇ ਹੋ।
- ਇਹ ਕੰਮ ਤੁਰੰਤ ਕਰੋ ਕਿਉਂਕਿ ਤੁਹਾਨੂੰ ਆਪਣੇ ਭੁਗਤਾਨ ਪ੍ਰਾਪਤ ਹੋਣ ਵਿੱਚ ਕੁੱਝ ਸਮਾਂ ਲੱਗ ਸਕਦਾ ਹੈ।
- ਤੁਹਾਨੂੰ ਇੱਕ ਬੈਂਕ ਖਾਤਾ ਖੋਲ੍ਹਣ ਦੀ ਵੀ ਲੋੜ ਪਵੇਗੀ।

## 3. ਤੁਹਾਡਾ ਆਵਾਸ

- ਇੱਕ ਵਾਰ ਸਕਾਰਾਤਮਕ ਫ਼ੈਸਲਾ ਆਉਣ ਤੋਂ ਬਾਅਦ, ਤੁਸੀਂ ਆਪਣਾ ਖੁਦ ਦਾ ਘਰ ਲੱਭਣ ਅਤੇ ਉਸ ਵਿੱਚ ਮੂਵ ਹੋਣ ਦੀ ਪ੍ਰਕਿਰਿਆ ਸ਼ੁਰੂ ਕਰ ਸਕਦੇ ਹੋ।
- ਤੁਸੀਂ ਆਪਣੀ ਸਥਾਨਕ ਕੌਂਸਲ (ਆਪਣਾ ਫ਼ੈਸਲਾ ਪ੍ਰਾਪਤ ਹੋਣ ਦੇ ਸਮੇਂ ਜਿੱਥੇ ਤੁਸੀਂ ਰਹਿ ਰਹੇ ਹੋ) ਤੋਂ ਮਦਦ ਦੀ ਮੰਗ ਕਰ ਸਕਦੇ ਹੋ। ਆਮ ਤੌਰ 'ਤੇ ਜੇਕਰ ਤੁਹਾਡੀ ਸਿਹਤ ਠੀਕ ਹੈ ਅਤੇ ਜੇਕਰ ਤੁਹਾਡੇ ਨਾਲ ਬੱਚੇ ਨਹੀਂ ਰਹਿ ਰਹੇ ਹਨ, ਤਾਂ ਤੁਹਾਨੂੰ ਪ੍ਰਾਥਮਿਕਤਾ ਨਹੀਂ ਦਿੱਤੀ ਜਾਵੇਗੀ ਅਤੇ ਇਹ ਵੀ ਸੰਭਾਵਨਾ ਹੈ ਕਿ ਉਹ ਤੁਹਾਨੂੰ ਕਿਸੇ ਰਿਹਾਇਸ਼ ਦੀ ਪੇਸ਼ਕਸ਼ ਨਾ ਕਰਨ। ਇਸ ਸਮੇਂ ਸਾਰਿਆਂ ਲਈ ਜਨਤਕ ਆਵਾਸ ਅਤੇ ਕੌਂਸਲ ਰਿਹਾਇਸ਼ ਦੀ ਬਹੁਤ ਜ਼ਿਆਦਾ ਕਮੀ ਹੈ।

### ਆਵਾਸ ABC

**A** ਸਭ ਤੋਂ ਪਹਿਲਾਂ – **ਸਵੀਕਾਰ ਕਰੋ** ਕਿ ਤੁਹਾਨੂੰ ਪਹਿਲਾਂ ਜੋ ਵੀ ਜਗ੍ਹਾ ਮਿਲੇਗੀ ਉਹ ਸ਼ਾਇਦ ਸਿਰਫ਼ ਥੋੜ੍ਹੇ ਸਮੇਂ ਲਈ ਹੋ ਸਕਦੀ ਹੈ। ਇਹ ਛੋਟੀ, ਸਾਂਝੀ ਜਾਂ ਅਸਥਾਈ ਰਿਹਾਇਸ਼ ਹੋ ਸਕਦੀ ਹੈ ਅਤੇ ਹੋ ਸਕਦਾ ਹੈ ਕਿ ਉਸ ਖੇਤਰ ਵਿੱਚ ਨਾ ਹੋਵੇ ਜਿੱਥੇ ਤੁਸੀਂ ਰਹਿਣਾ ਚਾਹੁੰਦੇ ਹੋ।
**B** ਦੂਜੀ ਗੱਲ – ਜਦੋਂ ਤੁਹਾਨੂੰ ਥੋੜ੍ਹੀ ਕਮਾਈ ਹੋਣ ਲੱਗੇ ਅਤੇ/ਜਾਂ ਕੋਈ ਨੌਕਰੀ ਮਿਲ ਗਈ, ਤਾਂ ਤੁਸੀਂ ਕਿਰਾਏ 'ਤੇ ਇੱਕ **ਬਿਹਤਰ** ਜਗ੍ਹਾ ਲੱਭ ਸਕਦੇ ਹੋ ਜੋ ਤੁਹਾਡੇ ਮਨਪਸੰਦ ਇਲਾਕੇ ਦੇ ਨੇੜੇ ਹੋਵੇ, ਪਰ ਸਸਤੀ ਹੋਵੇ। ਅੰਗਰੇਜ਼ੀ ਦੀਆਂ ਕਲਾਸਾਂ ਅਤੇ ਰੁਜ਼ਗਾਰ ਸਮਰਥਨ ਵਰਗੀਆਂ ਚੀਜ਼ਾਂ ਅਜਿਹਾ ਕਰਨ ਵਿੱਚ ਤੁਹਾਡੀ ਮਦਦ ਕਰਨਗੀਆਂ।
**C** ਉਸ ਤੋਂ ਬਾਅਦ – ਇੱਕ **ਆਰਾਮਦਾਇਕ** ਘਰ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰੋ ਜਿਸ ਵਿੱਚ ਤੁਸੀਂ ਲੰਬੇ ਸਮੇਂ ਤੱਕ ਰਹਿਣਾ ਚਾਹੁੰਦੇ ਹੋ।

ਮੈਨੂੰ ਸਕੈਨ ਕਰੋ

RSMP NORTH WEST REGIONAL STRATEGIC MIGRATION PARTNERSHIP

boaztrust

**ਆਪਣੇ ਖੇਤਰ ਵਿੱਚ ਉਪਲਬਧ ਮਦਦ ਬਾਰੇ ਹੋਰ ਜਾਣਕਾਰੀ ਲਈ, ਇਸ QR ਕੋਡ 'ਤੇ ਆਪਣੇ ਫ਼ੋਨ ਦਾ ਕੈਮਰਾ ਕਰਕੇ ਵੈੱਬਸਾਈਟ ਖੋਲ੍ਹੋ।**